# ਖਾਲੀ ਘਰਾਂ ‘ਤੇ ਟੈਕਸ ਨੂੰ ਸਮਝਣਾ

CITY OF VANCOUVER

## 2024 ਲਈ ਨਵਾਂ ਕੀ ਹੈ

ਸੂਬਾਈ ਸਰਕਾਰ ਵੱਲੋਂ ਸਟ੍ਰਾਟਾ ਪ੍ਰਾਪਰਟੀਆਂ ਲਈ ਕਿਰਾਏ ਦੀਆਂ ਪਾਬੰਦੀਆਂ ਨੂੰ ਹਟਾਉਣ ਦੇ ਕਾਰਨ, ਇਹਨਾਂ ਸੰਪਤੀਆਂ ਲਈ ਪਹਿਲਾਂ ਦਿੱਤੀ ਜਾਂਦੀ ਖਾਲੀ ਘਰਾਂ ‘ਤੇ ਟੈਕਸ ਤੋਂ ਛੋਟ ਹੁਣ ਉਪਲਬਧ ਨਹੀਂ ਹੈ।

ਛੋਟਾਂ ਬਾਰੇ ਹੋਰ ਜਾਣਨ ਲਈ **vancouver.ca/eht** (ਸਿਰਫ਼ ਅੰਗਰੇਜ਼ੀ) ‘ਤੇ ਜਾਓ।

## ਮਹੱਤਵਪੂਰਨ ਜਾਣਕਾਰੀ

### 2024 ਟੈਕਸ ਸਾਲ ਲਈ ਐਲਾਨ ਕਰਨ ਦੀ ਆਖਰੀ ਮਿਤੀ 4 ਫਰਵਰੀ 2025 ਹੈ।

ਨਿਯਤ ਮਿਤੀ ਤੱਕ ਐਲਾਨ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ **$250 ਦੀ ਉਪ-ਨਿਯਮ ਟਿਕਟ ਮਿਲੇਗੀ ਅਤੇ ਤੁਹਾਡੀ ਸੰਪਤੀ ਨੂੰ ਖਾਲੀ ਅਤੇ ਖਾਲੀ ਘਰਾਂ ‘ਤੇ ਟੈਕਸ ਦੇ ਅਧੀਨ ਮੰਨਿਆ ਜਾਵੇਗਾ।**

ਮਾਲਕ ਸਵੀਕਾਰਯੋਗ ਸਬੂਤ ਜਮ੍ਹਾਂ ਕਰਾਉਣ ‘ਤੇ ਖਾਲੀ ਹੋਣ ਦੇ ਹਵਾਲਾ ਸਾਲ ਤੋਂ 5 ਸਾਲ ਤੱਕ ਦੇਰ ਨਾਲ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਦਾਇਰ ਕਰ ਸਕਣਗੇ। ਦੇਰੀ ਨਾਲ ਦਾਇਰ ਕਰਨ ਦਾ ਜੁਰਮਾਨਾ ਲਾਗੂ ਹੋਵੇਗਾ, ਜੋ ਖਾਲੀ ਘਰਾਂ ‘ਤੇ ਟੈਕਸ ਲੈਵੀ ਦਾ 5% ਹੁੰਦਾ ਹੈ।

## ਆਪਣੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਕਿਵੇਂ ਕਰਨਾ ਹੈ

1. **vancouver.ca/eht-declare** ‘ਤੇ ਜਾਓ।
2. **“Submit declaration”** (ਐਲਾਨ ਜਮ੍ਹਾਂ ਕਰੋ) ‘ਤੇ ਕਲਿੱਕ ਕਰੋ।
3. ਆਪਣਾ Folio number (ਫੋਲੀਓ ਨੰਬਰ) ਅਤੇ Access code (ਐਕਸੈਸ ਕੋਡ) ਦਾਖਲ ਕਰੋ (ਤੁਹਾਨੂੰ ਇਹ ਤੁਹਾਡੇ ਟੈਕਸ ਨੋਟਿਸ ਦੇ ਅਗਲੇ ਪਾਸੇ ਮਿਲ ਸਕਦਾ ਹੈ)।
4. ਆਪਣੇ ਸੰਪਰਕ ਵੇਰਵੇ ਪਾਓ ਅਤੇ ਆਪਣੀ ਪ੍ਰਾਪਰਟੀ ਦੀ ਸਥਿਤੀ ਚੁਣੋ। ਤੁਹਾਨੂੰ ਵਧੀਕ ਜਾਣਕਾਰੀ ਮੁਹੱਈਆ ਕਰਨ ਦੀ ਲੋੜ ਹੋ ਸਕਦੀ ਹੈ (ਵੇਰਵਿਆਂ ਲਈ ਇਸ ਪਰਚੇ ਦੇ ਪਿਛਲੇ ਪਾਸੇ ਵੇਖੋ)।
5. ਆਪਣੇ ਐਲਾਨ ਦੀ ਸਮੀਖਿਆ ਕਰੋ।
6. ਆਪਣਾ ਐਲਾਨ ਜਮ੍ਹਾਂ ਕਰਨ ਲਈ **“Declare”** (ਐਲਾਨ ਕਰੋ) ‘ਤੇ ਕਲਿੱਕ ਕਰੋ।
7. ਤੁਹਾਨੂੰ ਈਮੇਲ ਦੁਆਰਾ ਆਪਣੇ ਐਲਾਨ ਦੀ ਪੁਸ਼ਟੀ ਪ੍ਰਾਪਤ ਹੋਵੇਗੀ। ਤੁਸੀਂ ਕਿਸੇ ਹੋਰ ਨੂੰ ਆਪਣੀ ਤਰਫ਼ੋਂ ਐਲਾਨ ਜਮ੍ਹਾਂ ਕਰਨ ਦੀ ਇਜਾਜ਼ਤ ਦੇ ਸਕਦੇ ਹੋ।

## ਜੇਕਰ ਤੁਹਾਨੂੰ ਆਡਿਟ ਲਈ ਚੁਣਿਆ ਜਾਂਦਾ ਹੈ

- ਤੁਹਾਨੂੰ ਸਾਡੇ ਵੱਲੋਂ ਹਦਾਇਤਾਂ ਦੇ ਨਾਲ ਸੂਚਨਾ ਪ੍ਰਾਪਤ ਹੋਵੇਗੀ ਕਿ ਤੁਹਾਨੂੰ ਕਿਹੜੇ ਸਬੂਤ ਮੁਹੱਈਆ ਕਰਨ ਦੀ ਲੋੜ ਹੋਵੇਗੀ।
- ਆਡਿਟ ਪ੍ਰਕਿਰਿਆ ਦੇ ਸਮੇਂ ਵੱਖ-ਵੱਖ ਹੁੰਦੇ ਹਨ, ਅਤੇ ਗਾਇਬ ਜਾਂ ਗਲਤ ਸਬੂਤ ਕਰਕੇ ਪ੍ਰਕਿਰਿਆ ਵਿੱਚ ਦੇਰੀ ਹੋ ਸਕਦੀ ਹੈ। ਤੁਸੀਂ ਉਸ ਟੈਕਸ ਸਾਲ ਲਈ ਪੂਰੇ ਰਿਕਾਰਡ ਪ੍ਰਦਾਨ ਕਰਕੇ, ਜਿਸ ਲਈ ਆਡਿਟ ਲਾਗੂ ਹੁੰਦਾ ਹੈ, ਦੇਰੀ ਤੋਂ ਬਚਣ ਵਿੱਚ ਮਦਦ ਕਰ ਸਕਦੇ ਹੋ।
- ਐਲਾਨਾਂ ਦੀ ਵੈਧਤਾ ਨਿਰਧਾਰਤ ਕਰਨ ਅਤੇ ਪਾਲਣਾ ਨੂੰ ਉਤਸ਼ਾਹਿਤ ਕਰਨ ਲਈ, ਪ੍ਰਾਪਰਟੀ ਦੀ ਸਥਿਤੀ ਦੇ ਸਾਰੇ ਐਲਾਨ ਸੰਭਾਵੀ ਤੌਰ ‘ਤੇ ਇੱਕ ਆਡਿਟ ਦੇ ਅਧੀਨ ਹੁੰਦੇ ਹਨ।
- ਆਡਿਟਾਂ ਦੀ ਚੋਣ ਸੂਬਾਈ ਅਤੇ ਫੈਡਰਲ ਟੈਕਸ ਪ੍ਰੋਗਰਾਮਾਂ ਲਈ ਸਭ ਤੋਂ ਵਧੀਆ ਅਭਿਆਸਾਂ ਦੇ ਅਨੁਸਾਰ, ਨਮੂਨਾ ਵਿਧੀਆਂ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ।

**vancouver.ca/eht** ‘ਤੇ ਹੋਰ ਜਾਣੋ

## ਆਪਣੇ ਐਡਵਾਂਸ ਟੈਕਸ ਨੋਟਿਸ ਦਾ ਭੁਗਤਾਨ ਕਰਨਾ

- ਆਪਣੇ ਟੈਕਸ ਨੋਟਿਸ ‘ਤੇ 12-ਅੰਕ ਦੇ ਫੋਲੀਓ ਨੰਬਰ ਦੀ ਵਰਤੋਂ ਕਰਕੇ ਜਾਂ ਤਾਂ ਔਨਲਾਈਨ ਜਾਂ ਫ਼ੋਨ ਰਾਹੀਂ ਆਪਣੀ ਵਿੱਤੀ ਸੰਸਥਾ ਰਾਹੀਂ ਭੁਗਤਾਨ ਕਰੋ। ਹੋਰ ਵੇਰਵਿਆਂ ਲਈ **vancouver.ca/bank-payment** ‘ਤੇ ਜਾਓ।
- ਪਹਿਲਾਂ ਤੋਂ ਯੋਜਨਾ ਬਣਾਓ ਕਿਉਂਕਿ ਡਾਕ ਸੇਵਾ ਅਤੇ ਵਿੱਤੀ ਸੰਸਥਾਨ ਦਾ ਪ੍ਰੋਸੈਸਿੰਗ ਸਮਾਂ ਇਸ ਗੱਲ ਨੂੰ ਪ੍ਰਭਾਵਿਤ ਕਰ ਸਕਦਾ ਹੈ ਕਿ ਸਿਟੀ ਨੂੰ ਫੰਡ ਕਦੋਂ ਮਿਲਦੇ ਹਨ ਅਤੇ ਇਸ ਦੇ ਨਤੀਜੇ ਵਜੋਂ ਜੁਰਮਾਨਾ ਲੱਗ ਸਕਦਾ ਹੈ।

ਧਿਆਨ ਦਿਓ: 12 ਫਰਵਰੀ, 2024 ਤੋਂ, ਰੈਵੇਨਿਊ ਸਰਵਿਸਿਜ਼ ਅਸਥਾਈ ਤੌਰ ‘ਤੇ 515 West 10th Ave (Cambie ਅਤੇ 10th Avenue, ਸਿਟੀ ਹਾਲ ਤੋਂ ਉੱਤਰ ਵੱਲ ਇੱਕ ਬਲਾਕ) ਵਿਖੇ ਉਸੇ ਬਿਲਡਿੰਗ ਵਿੱਚ ਸਥਿਤ ਹੈ ਜਿੱਥੇ ਡੇਵਲੈਪਮੈਂਟ ਐਂਡ ਬਿਲਡਿੰਗ ਸਰਵਿਸਿਜ਼ ਸੈਂਟਰ ਸਥਿਤ ਹੈ

ਵੈਨਕੂਵਰ ਦਾ ਖਾਲੀ ਘਰਾਂ ‘ਤੇ ਟੈਕਸ,ਸੂਬਾਈ ਸਰਕਾਰ ਦੇ ਸਪੈਕੂਲੇਸ਼ਨ ਐਂਡ ਵੈਕੇਂਸੀ ਟੈਕਸ (Speculation and Vacancy Tax) ਤੋਂ ਵੱਖਰਾ ਹੈ; ਸੂਬੇ ਦੇ ਟੈਕਸ ਸੰਬੰਧੀ ਪੁੱਛਗਿੱਛ ਇੱਥੋਂ ਕੀਤੀ ਜਾ ਸਕਦੀ ਹੈ: **gov.bc.ca/spectax**

## ਆਨਲਾਈਨ ਸਾਈਨ-ਅੱਪ ਕਰੋ

ਆਨਲਾਈਨ ਟੈਕਸ ਸੇਵਾਵਾਂ ਖਾਤੇ ਦੇ ਨਾਲ ਤੁਸੀਂ ਆਪਣਾ ਅਗਲਾ ਬਿੱਲ/ਨੋਟਿਸ ਈਮੇਲ ਦੁਆਰਾ ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹੋ, ਆਪਣੇ ਖਾਤੇ ਦੇ ਬਕਾਏ ਦੀ ਜਾਂਚ ਕਰ ਸਕਦੇ ਹੋ ਅਤੇ ਹੋਰ ਕਈ ਕੁਝ ਕਰ ਸਕਦੇ ਹੋ। ਅੱਜ ਹੀ: **vancouver.ca/tax** ‘ਤੇ ਸਾਈਨ-ਅੱਪ ਕਰੋ

重要提示：這包含有關房屋空置稅 (Empty Home Tax) 的資訊。如需翻譯或了解更多資料，請瀏覽：**vancouver.ca/eht**

重要提示: 这包含有关房屋空置税 (Empty Home Tax) 的信息。如需翻译或了解更多信息，请访问: **vancouver.ca/eht**

ਮਹੱਤਵਪੂਰਣ: ਇਸ ਨੋਟਿਸ ਵਿੱਚ ਖਾਲੀ ਘਰਾਂ ‘ਤੇ ਟੈਕਸ [Empty Homes Tax] ਬਾਰੇ ਜਾਣਕਾਰੀ ਸ਼ਾਮਲ ਹੈ। ਅਨੁਵਾਦਾਂ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਵੇਖੋ: **vancouver.ca/eht**

QUAN TRỌNG: Thông báo này có thông tin về Thuế Nhà Bỏ Trống [Empty Homes Tax]. Để có bản dịch hoặc biết thêm thông tin, xin vui lòng truy cập: **vancouver.ca/eht**

IMPORTANTE: Ito ay naglalaman ng impormasyon sa Buwis sa Bahay na Walang Nakatira [Empty Homes Tax]. Para sa mga salin sa Tagalog o para sa karagdagang impormasyon, bisitahin ang: **vancouver.ca/eht**

©2024 City of Vancouver | 24-275

# ਖਾਲੀ ਘਰਾਂ ‘ਤੇ ਟੈਕਸ (Empty Homes Tax): 2024 ਟੈਕਸ ਸਾਲ ਐਲਾਨ

## ਤੁਹਾਡਾ ਐਲਾਨ ਜਮ੍ਹਾਂ ਕਰਨ ਲਈ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ

ਕਿਰਪਾ ਕਰਕੇ ਹੇਠਾਂ ਦਿੱਤੀ ਸਾਰਣੀ ਦੀ ਸਮੀਖਿਆ ਕਰੋ ਅਤੇ ਯਕੀਨੀ ਬਣਾਓ ਕਿ ਆਪਣੀ ਪ੍ਰਾਪਰਟੀ ਦੀ ਸਥਿਤੀ ਦਾ ਐਲਾਨ ਕਰਦੇ ਸਮੇਂ ਤੁਹਾਡੇ ਕੋਲ ਸਾਰੀ ਲੋੜੀਂਦੀ ਜਾਣਕਾਰੀ ਹੈ।

| 2024 ਵਿੱਚ ਪ੍ਰਾਪਰਟੀ ਦੀ ਸਥਿਤੀ | ਐਲਾਨ ਕਰਦੇ ਸਮੇਂ ਲੋੜੀਂਦੀ ਜਾਣਕਾਰੀ |
|---|---|
| ਪ੍ਰਾਪਰਟੀ ਨੂੰ ਲਗਾਤਾਰ 30 ਜਾਂ ਵੱਧ ਦਿਨਾਂ ਦੀਆਂ ਮਿਆਦਾਂ ਵਿੱਚ, ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਕਿਰਾਏ 'ਤੇ ਦਿੱਤਾ ਗਿਆ ਸੀ। | • ਹਰੇਕ ਕਿਰਾਏਦਾਰੀ ਇਕਰਾਰਨਾਮੇ ਵਿੱਚ ਦਿੱਤੇ ਕਿਰਾਏਦਾਰ(ਕਿਰਾਏਦਾਰਾਂ) ਦਾ ਪੂਰਾ ਨਾਮ |
| ਪ੍ਰਾਪਰਟੀ ਨੂੰ ਸਾਲ ਵਿੱਚ ਘੱਟੋ-ਘੱਟ ਛੇ ਮਹੀਨੇ ਲਈ, ਕਿਸੇ ਪਰਿਵਾਰ ਦੇ ਮੈਂਬਰ, ਦੋਸਤ ਜਾਂ ਇਜਾਜ਼ਤ ਦਿੱਤੇ ਗਏ ਕਾਬਜ਼ਦਾਰ ਦੁਆਰਾ ਮੁੱਖ ਰਿਹਾਇਸ਼ ਦੇ ਵਜੋਂ ਵਰਤਿਆ ਗਿਆ ਸੀ। | • ਉਸ ਪਰਿਵਾਰ ਦੇ ਮੈਂਬਰ ਜਾਂ ਦੋਸਤ ਦਾ ਪੂਰਾ ਨਾਮ ਅਤੇ ਫੋਨ ਨੰਬਰ ਜੋ ਪ੍ਰਾਪਰਟੀ ਵਿੱਚ ਰਹਿੰਦਾ ਸੀ |
| ਤੁਹਾਡੀ ਮੁੱਖ ਰਿਹਾਇਸ਼ ਗ੍ਰੇਟਰ ਵੈਨਕੂਵਰ ਦੇ ਬਾਹਰ ਸੀ ਪਰ ਤੁਸੀਂ ਘੱਟੋ-ਘੱਟ ਛੇ ਮਹੀਨਿਆਂ ਲਈ ਰਿਹਾਇਸ਼ੀ ਉਦੇਸ਼ਾਂ ਵਾਸਤੇ ਆਪਣੀ ਪ੍ਰਾਪਰਟੀ ਵਿੱਚ ਰਹੇ ਸੀ ਕਿਉਂਕਿ ਤੁਸੀਂ ਗ੍ਰੇਟਰ ਵੈਨਕੂਵਰ ਵਿੱਚ ਫੁੱਲ ਟਾਈਮ ਦੀ ਨੌਕਰੀ ਕਰ ਰਹੇ ਸੀ। ਇਹ ਜ਼ਰੂਰੀ ਹੈ ਕਿ ਨੌਕਰੀ ਦੀ ਪ੍ਰਕਿਰਤੀ ਦੇ ਕਾਰਨ ਤੁਹਾਡੇ ਗ੍ਰੇਟਰ ਵੈਨਕੂਵਰ ਵਿੱਚ ਮੌਜੂਦ ਰਹਿਣ ਦੀ ਲੋੜ ਹੋਵੇ। | • ਤੁਹਾਡੇ ਰੁਜ਼ਗਾਰਦਾਤਾ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |
| ਪ੍ਰਾਪਰਟੀ ਦਾ ਜਾਂ ਤਾਂ:<br>• ਪੁਨਰ-ਵਿਕਾਸ ਹੋ ਰਿਹਾ ਹੈ ਜਾਂ ਮੁੱਖ ਸੁਧਾਰ ਹੋ ਰਹੇ ਹਨ ਜਿੱਥੇ ਪਰਮਿਟ ਹਵਾਲਾ ਮਿਆਦ ਦੇ ਦੌਰਾਨ ਜਾਰੀ ਕਰ ਦਿੱਤੇ ਗਏ ਹਨ, **ਜਾਂ**<br>• ਜ਼ਮੀਨਾਂ ਖਾਲੀ ਹਨ, ਵਿਰਾਸਤੀ ਸੰਪਤੀ ਹਨ ਜਾਂ ਪੜਾਅ ਵਾਰ ਵਿਕਾਸ ਦਾ ਹਿੱਸਾ ਹਨ ਜਿਨ੍ਹਾਂ ਲਈ ਦਰਖਾਸਤਾਂ ਹਵਾਲਾ ਮਿਆਦ ਦੇ ਦੌਰਾਨ ਜਮ੍ਹਾਂ ਕੀਤੀਆਂ ਗਈਆਂ ਹਨ। | • ਬਿਲਡਿੰਗ ਜਾਂ ਵਿਕਾਸ ਦਾ ਪਰਮਿਟ/ਐਪਲੀਕੇਸ਼ਨ ਨੰਬਰ **ਅਤੇ**<br>• ਉਸਾਰੀ ਪ੍ਰੋਜੈਕਟ ਦਾ ਸੰਖੇਪ ਵਿਵਰਣ |
| ਛੇ ਮਹੀਨਿਆਂ ਤੋਂ ਵੱਧ ਸਮੇਂ ਲਈ ਪ੍ਰਾਪਰਟੀ ਵਿੱਚ ਕੋਈ ਨਹੀਂ ਰਹਿੰਦਾ ਸੀ ਕਿਉਂਕਿ ਸਾਰੇ ਕਾਬਜ਼ ਕਿਸੇ ਹਸਪਤਾਲ, ਲੰਮੀ-ਮਿਆਦ ਦੀ ਜਾਂ ਸਹਾਇਕ ਦੇਖਭਾਲ ਸਹੂਲਤ ਵਿੱਚ ਰਹਿ ਰਹੇ ਸਨ ਅਤੇ ਇਸ ਤੋਂ ਪਹਿਲਾਂ ਪ੍ਰਾਪਰਟੀ ਨੂੰ ਮੁੱਖ ਰਿਹਾਇਸ਼ ਦੇ ਵਜੋਂ ਵਰਤ ਰਹੇ ਸਨ ਜਾਂ ਇੱਕ ਕਿਰਾਏਦਾਰ ਵਜੋਂ ਰਿਹਾਇਸ਼ੀ ਉਦੇਸ਼ਾਂ ਲਈ ਇਸ ਵਿੱਚ ਰਹਿ ਰਹੇ ਸਨ। | • ਦੇਖਭਾਲ ਪ੍ਰਾਪਤ ਕਰ ਰਹੇ ਵਿਅਕਤੀ ਦਾ ਨਾਮ **ਅਤੇ**<br>• ਡਾਕਟਰੀ ਸਹੂਲਤ ਦਾ ਨਾਮ ਅਤੇ ਸੰਪਰਕ ਕਰਨ ਲਈ ਜਾਣਕਾਰੀ |

**ਤੁਹਾਡੇ ਵੱਲੋਂ ਐਲਾਨ ਜਮ੍ਹਾਂ ਕਰਨ ਦੇ ਬਾਅਦ ਵਾਧੂ ਜਾਣਕਾਰੀ ਦੀ ਵੀ ਲੋੜ ਹੋ ਸਕਦੀ ਹੈ ਜਿਸ ਵਿੱਚ ਹੇਠਾਂ ਦਿੱਤੇ ਸ਼ਾਮਲ ਹਨ ਪਰ ਇਹਨਾਂ ਤੱਕ ਹੀ ਸੀਮਿਤ ਨਹੀਂ ਹਨ:**

- ICBC ਵਾਹਨ ਬੀਮਾ ਅਤੇ ਰਜਿਸਟ੍ਰੇਸ਼ਨ
- ਸਰਕਾਰ ਦੁਆਰਾ ਜਾਰੀ ਨਿੱਜੀ ਪਛਾਣ ਦਾ ਸਬੂਤ, ਜਿਸ ਵਿੱਚ ਡ੍ਰਾਈਵਰ ਦਾ ਲਾਇਸੈਂਸ, BCID ਕਾਰਡ, ਬ੍ਰਿਟਿਸ਼ ਕੋਲੰਬੀਆ ਸਰਵਿਸਿਜ਼ ਕਾਰਡ ਸ਼ਾਮਲ ਹਨ
- ਇਨਕਮ ਟੈਕਸ ਦੇ ਰਿਟਰਨ ਅਤੇ ਮੁਲਾਂਕਣ ਦੇ ਨੋਟਿਸ, ਕਿਰਾਏ ਤੋਂ ਆਮਦਨ ਦੀਆਂ ਅਨੁਸੂਚੀਆਂ ਸਮੇਤ
- ਰੁਜ਼ਗਾਰ ਦੇ ਇਕਰਾਰਨਾਮੇ, ਤਨਖਾਹ ਦੀਆਂ ਸਟੇਟਮੈਂਟਾਂ ਜਾਂ ਰੁਜ਼ਗਾਰ ਦੇ ਰਿਕਾਰਡ
- ਘਰ ਦੇ ਮਾਲਕ ਦੀ ਬੀਮਾ ਪਾਲਿਸੀ
- ਕਿਰਾਏਦਾਰੀ ਇਕਰਾਰਨਾਮਾ(ਇਕਰਾਰਨਾਮੇ)
- ਬੈਂਕ ਸਟੇਟਮੈਂਟਾਂ

CITY OF VANCOUVER

©2024 City of Vancouver | 24-275